ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
12 Beds, 7 Baths For 24 Guests 905-965-4644
Home Care Workers ਅਤੇ Nanies ਲਈ PR 416-848-3930
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਬੈੱਡ ਬਗ਼ਜ਼ (ਖਟਮਲ) ਖ਼ਤਮ 647-688-3944
ਦੰਦ ਲਗਵਾਓ FREE ਮੁਫ਼ਤ 905-458-3344 With CDCP

Canada ਨਿਆਂ ਵਿਭਾਗ ਵਲੋਂ ਨਿੱਜਰ ਕਤਲ 'ਚ ਸੰਵੇਦਨਸ਼ੀਲ ਸਬੂਤਾਂ ਨੂੰ ਗੁਪਤ ਰੱਖਣ ਦੀ ਮੰਗ

ਔਟਵਾ: ਭਾਰਤੀ ਏਜੰਟਾਂ 'ਤੇ ਹਰਦੀਪ ਸਿੰਘ ਨਿੱਜਰ ਦੇ ਕਤਲ ਦਾ ਦੋਸ਼ ਲਾਉਣ ਤੋਂ ਬਾਅਦ Canada ਦਾ ਨਿਆਂ ਵਿਭਾਗ ਹੁਣ ਉਸ ਦੇ ਮੁਕੱਦਮੇ 'ਚ ਕੌਮੀ ਸੁਰੱਖਿਆ ਨਾਲ ਜੁੜੇ ਕੁੱਝ ਸੰਵੇਦਨਸ਼ੀਲ ਸਬੂਤਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਤੰਬਰ 2023 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਪਹਿਲੀ ਵਾਰ ਜਨਤਕ ਤੌਰ 'ਤੇ ਭਾਰਤ ਦੀ ਸ਼ਮੂਲੀਅਤ ਦਾ ਦੋਸ਼ ਲਾਏ ਜਾਣ ਤੋਂ ਬਾਅਦ ਇਹ ਮਾਮਲਾ Indo-Canada ਸਬੰਧਾਂ 'ਚ ਇੱਕ ਵੱਡੀ ਰੁਕਾਵਟ ਬਣਿਆ ਹੋਇਆ ਹੈ।

Global News ਅਨੁਸਾਰ Canada ਦੇ ਅਟਰਨੀ ਜਨਰਲ ਦੀ ਨੁਮਾਇੰਦਗੀ ਕਰਨ ਵਾਲੇ ਸੰਘੀ ਵਕੀਲਾਂ ਨੇ ਫ਼ੈਡਰਲ ਕੋਰਟ 'ਚ ਇੱਕ ਅਰਜ਼ੀ ਦਾਇਰ ਕਰ ਕੇ ਕੁੱਝ ਖ਼ਾਸ ਸਬੂਤਾਂ ਨੂੰ ਦਬਾਉਣ ਦੀ ਇਜਾਜ਼ਤ ਮੰਗੀ ਹੈ, ਅਤੇ ਦਲੀਲ ਦਿੱਤੀ ਕਿ ਇਸ ਦਾ ਖ਼ੁਲਾਸਾ ਅੰਤਰਰਾਸ਼ਟਰੀ ਸਬੰਧਾਂ ਅਤੇ ਕੌਮੀ ਸੁਰੱਖਿਆ ਲਈ ਨੁਕਸਾਨਦੇਹ ਹੋਵੇਗਾ।

ਇਹ ਅਰਜ਼ੀ ਕੈਨੇਡਾ ਐਵੀਡੈਂਸ ਐਕਟ ਦੀ ਧਾਰਾ 38 ਦੇ ਤਹਿਤ ਦਾਇਰ ਕੀਤੀ ਗਈ ਸੀ। Global News ਨੇ ਅੱਗੇ ਦੱਸਿਆ ਕਿ ਫ਼ੈਡਰਲ ਕੋਰਟ 'ਚ ਦਾਇਰ ਅਰਜ਼ੀ ਦੇ ਨੋਟਿਸ 'ਚ ਕਿਹਾ ਗਿਆ ਹੈ ਕਿ ਸੰਘੀ ਅਟਰਨੀ ਜਨਰਲ ਨੂੰ 2024 ਅਤੇ 2025 ਦੇ ਦੌਰਾਨ ਚਾਰ Notices ਪ੍ਰਾਪਤ ਹੋਏ ਸਨ ਜਿਨ੍ਹਾਂ 'ਚ ਕੇਸ 'ਚ ਸੰਵੇਦਨਸ਼ੀਲ ਜਾਂ ਸੰਭਾਵੀ ਤੌਰ 'ਤੇ ਨੁਕਸਾਨਦੇਹ ਜਾਣਕਾਰੀ ਬਾਰੇ ਦੱਸਿਆ ਗਿਆ ਸੀ।

BC ਪ੍ਰੋਸੀਕਿਊਸ਼ਨ ਸਰਵਿਸ, ਜੋ ਚਾਰ ਦੋਸ਼ੀਆਂ ਵਿਰੁੱਧ ਕੇਸ ਚਲਾ ਰਹੀ ਹੈ, ਨੇ ਫ਼ੈਡਰਲ ਕੋਰਟ ਦੇ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮਾਮਲਾ ਸੁਣਵਾਈ ਤੋਂ ਪਹਿਲਾਂ ਦੇ ਪੜਾਅ 'ਚ ਹੈ ਅਤੇ ਪ੍ਰਕਾਸ਼ਨ ਪਾਬੰਦੀ ਦੇ ਅਧੀਨ ਹੈ। ਜ਼ਿਕਰਯੋਗ ਹੈ ਕਿ ਨਿੱਜਰ ਨੂੰ 18 ਜੂਨ 2023 ਨੂੰ ਸਰੀ, ਬ੍ਰਿਟਿਸ਼ ਕੋਲੰਬੀਆ, 'ਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ।

Canadian ਮੀਡੀਆ ਰਿਪੋਰਟਾਂ ਅਨੁਸਾਰ RCMP ਦਾ ਮੰਨਣਾ ਹੈ ਕਿ ਭਾਰਤ ਨੇ ਕਤਲ ਦੀ ਸਾਜ਼ਿਸ਼ ਰਚਣ ਲਈ ਗੈਂਗਸਟਰ ਲੌਰੈਂਸ ਬਿਸ਼ਨੋਈ ਦੀ ਮਦਦ ਲਈ ਸੀ। ਮਈ 2024 'ਚ ਦੋ ਸ਼ੱਕੀ ਨਿਸ਼ਾਨੇਬਾਜ਼ਾਂ ਅਮਨਦੀਪ ਸਿੰਘ ਅਤੇ ਕਰਨਪ੍ਰੀਤ ਸਿੰਘ, ਗੈੱਟਅਵੇਅ ਡਰਾਇਵਰ ਕਰਨ ਬਰਾੜ ਅਤੇ ਇੱਕ ਚੌਥੇ ਸ਼ੱਕੀ ਕਮਲਪ੍ਰੀਤ ਸਿੰਘ ਨੂੰ ਐਲਬਰਟਾ ਅਤੇ ਓਨਟੈਰੀਓ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। Global News ਨੇ ਪਹਿਲਾਂ ਰਿਪੋਰਟ ਦਿੱਤੀ ਸੀ ਕਿ ਹੱਤਿਆ 'ਚ ਉੱਚ ਪੱਧਰੀ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਬਾਰੇ ਸ਼ੁਰੂਆਤੀ ਸੂਚਨਾ ਯੂਨਾਈਟਿਡ ਕਿੰਗਡਮ ਦੁਆਰਾ ਰੋਕੀ ਗਈ ਗੱਲਬਾਤ ਤੋਂ ਮਿਲੀ ਸੀ, ਅਤੇ ਬ੍ਰਿਟਿਸ਼ ਖ਼ੁਫ਼ੀਆ ਏਜੰਸੀ ਦੁਆਰਾ Canada ਨਾਲ ਸਾਂਝੀ ਕੀਤੀ ਗਈ ਸੀ।

ਸਬੂਤਾਂ ਦੇ ਹਿੱਸਿਆਂ ਨੂੰ ਸੀਲ ਕਰਨ ਦੇ ਕਦਮ ਨੇ ਕਾਨੂੰਨੀ ਅਤੇ ਕੂਟਨੀਤਕ ਹਲਕਿਆਂ 'ਚ ਹੈਰਾਨੀ ਪੈਦਾ ਕੀਤੀ ਹੈ, ਖ਼ਾਸ ਕਰ ਕੇ ਇਸ ਲਈ ਕਿਉਂਕਿ ਭਾਰਤ ਲਗਾਤਾਰ ਇਹ ਕਹਿ ਰਿਹਾ ਹੈ ਕਿ ਔਟਵਾ ਭਾਰਤੀ ਰਾਜ ਦੀ ਸ਼ਮੂਲੀਅਤ ਦੇ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ਖ਼ਾਸ ਅਤੇ ਢੁੱਕਵੇਂ ਸਬੂਤ ਪ੍ਰਦਾਨ ਕਰਨ 'ਚ ਅਸਫ਼ਲ ਰਿਹਾ ਹੈ।

SFJ ਵਲੋਂ ਬੋਰਡ ਔਫ਼ ਪੀਸ ਦੀ ਪਹਿਲੀ ਮੀਟਿੰਗ 'ਚ ਇੱਕ ਬਿਲੀਅਨ ਡਾਲਰ ਦਾ ਪ੍ਰਸਤਾਵ ਪੇਸ਼

ਵਾਸ਼ਿੰਗਟਨ: ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ DC 'ਚ ਖ਼ਾਲਿਸਤਾਨ ਹਮਾਇਤੀਆਂ ਵਲੋਂ ਵੱਡੀ ਰਾਜਨੀਤਿਕ ਸਰਗਰਮੀ ਦੇਖਣ ਨੂੰ ਮਿਲੀ ਜਿੱਥੇ ਸਿਖਸ ਫ਼ੌਰ ਜਸਟਿਸ (SFJ) ਨੇ Board of Peace ਦੀ ਪਹਿਲੀ ਅਧਿਕਾਰਿਕ ਮੀਟਿੰਗ ਦੌਰਾਨ ਇੱਕ ਬਿਲੀਅਨ ਡਾਲਰ ਦਾ ਪ੍ਰਸਤਾਵ ਪੇਸ਼ ਕੀਤਾ। ਇਸ ਮੌਕੇ ਅਮਰੀਕਾ ਭਰ ਤੋਂ ਪਹੁੰਚੇ ਸਿੱਖਾਂ ਨੇ ਇਕੱਠੇ ਹੋ ਕੇ ਖ਼ਾਲਿਸਤਾਨ ਪੀਸ ਰੈਲੀ 'ਚ ਸ਼ਮੂਲੀਅਤ ਕੀਤੀ, ਅਤੇ ਆਪਣੀ ਰਾਜਨੀਤਿਕ ਮੰਗ ਨੂੰ ਦੁਹਰਾਇਆ।

SFJ ਦੇ ਜਨਰਲ ਕਾਊਂਸਲ ਵਲੋਂ ਵ੍ਹਾਈਟ ਹਾਊਸ ਨੂੰ ਇੱਕ ਬਿਲੀਅਨ ਡਾਲਰ ਦੀ ਪੱਕੀ ਵਚਨਬੱਧਤਾ ਵੀ ਸੌਂਪੀ ਗਈ। ਇਸ ਪ੍ਰਸਤਾਵ ਦੇ ਨਾਲ ਇੱਕ ਸਿੱਧੀ ਮੰਗ ਜੋੜੀ ਗਈ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਜਾਣ ਕਿ ਉਹ ਅਮਰੀਕੀ ਸਟੇਟ ਡਿਪਾਰਟਮੈਂਟ ਦੀ ਨਿਗਰਾਨੀ ਹੇਠ ਭਾਰਤੀ ਕਬਜ਼ੇ ਹੇਠਲੇ ਪੰਜਾਬ 'ਚ ਆਜ਼ਾਦੀ ਸੰਬੰਧੀ ਰੈਫ਼ਰੈਂਡਮ ਕਰਵਾਉਣ। ਇਸ ਮੌਕੇ SFJ ਦੇ ਕਾਰਕੁਨਾਂ ਨੇ ਇੱਕ ਬਿਲੀਅਨ ਡਾਲਰ ਦਾ ਚੈੱਕ ਹੱਥਾਂ 'ਚ ਚੁੱਕਿਆ ਹੋਇਆ ਸੀ।

SFJ ਜਨਰਲ ਕਾਊਂਸਲ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ, "ਪੰਜਾਬ ਇੱਕ ਟਿਕਿੰਗ ਬੰਬ ਵਾਂਗ ਹੈ। ਖ਼ਾਲਿਸਤਾਨ ਰੈਫ਼ਰੈਂਡਮ ਦੇ ਸਮਰਥਕਾਂ ਨੂੰ ਫ਼ਰਜ਼ੀ ਐਨਕਾਊਂਟਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 11 ਹਜ਼ਾਰ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਰਾਜਨੀਤਿਕ ਵਿਚਾਰਾਂ ਕਾਰਨ ਗੈਂਗਸਟਰ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਹੋਰ ਕਿਹਾ ਕਿ ਬੋਰਡ ਔਫ਼ ਪੀਸ ਦਾ ਮਕਸਦ ਸੰਘਰਸ਼ਾਂ ਨੂੰ ਖ਼ੂਨੀ ਟਕਰਾਅ ਤੋਂ ਪਹਿਲਾਂ ਸ਼ਾਂਤੀਪੂਰਕ ਢੰਗ ਨਾਲ ਹੱਲ ਕਰਨਾ ਹੈ। ਕਿਸੇ ਵੀ ਸੰਭਾਵਿਤ ਟਕਰਾਅ ਤੋਂ ਪਹਿਲਾਂ ਲਾਜ਼ਮੀ ਹੈ ਕਿ ਅਮਰੀਕੀ ਨੇਤ੍ਰਿਤਵ ਦਖ਼ਲ ਦੇ ਕੇ ਲੋਕਤੰਤਰਕ ਅਤੇ ਸ਼ਾਂਤੀਪੂਰਕ ਹੱਲ ਇੱਕ ਨਿਗਰਾਨੀ ਹੇਠ ਰੈਫ਼ਰੈਂਡਮ ਨੂੰ ਯਕੀਨੀ ਬਣਾਏ।

US 'ਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਧਾਰਮਿਕ ਸਮੂਹ ਹਨ Hindu



ਹਿਊਸਟਨ: ਵਾਸ਼ਿੰਗਟਨ ਸਥਿਤ ਥਿੰਕ ਟੈਂਕ ਪਿਊ ਰੀਸਰਚ ਸੈਂਟਰ ਵਲੋਂ ਕੀਤੇ ਗਏ ਨਵੇਂ ਅਧਿਐਨ ਅਨੁਸਾਰ ਹਿੰਦੂ ਅਮਰੀਕਾ 'ਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਧਾਰਮਿਕ ਸਮੂਹ ਹੈ, ਅਤੇ ਉਸ ਤੋਂ ਬਾਅਦ ਯਹੂਦੀਆਂ ਦਾ ਨੰਬਰ ਆਉਂਦਾ ਹੈ।ਅਧਿਐਨ 'ਚ ਅਮਰੀਕਾ ਦੇ ਪ੍ਰਮੁੱਖ ਧਾਰਮਿਕ ਭਾਈਚਾਰਿਆਂ 'ਚ ਵਿਦਿਅਕ ਪ੍ਰਾਪਤੀਆਂ ਦਾ ਅਧਿਐਨ ਕੀਤਾ ਗਿਆ। ਸੈਂਟਰ ਨੇ ਕਿਹਾ ਕਿ 2023-24 ਦੀ ਰਿਲੀਜਸ ਲੈਂਡਸਕੇਪ ਸਟੱਡੀ (RLS) ਦੇ ਨਤੀਜੇ ਅਮਰੀਕਾ 'ਚ ਧਰਮ ਅਤੇ ਜਨਤਕ ਜੀਵਨ ਦੇ ਸਭ ਤੋਂ ਵਿਆਪਕ ਸਰਵੇਖਣਾਂ 'ਚੋਂ ਇੱਕ ਹਨ।ਬੀਤੀ 19 ਫ਼ਰਵਰੀ ਨੂੰ ਜਨਤਕ ਕੀਤੇ ਗਏ RLS ਅਧਿਐਨ ਅਨੁਸਾਰ 10 'ਚੋਂ ਸੱਤ ਹਿੰਦੂਆਂ (70 ਫ਼ੀਸਦੀ) ਅਤੇ 65 ਫ਼ੀਸਦੀ ਯਹੂਦੀਆਂ ਕੋਲ ਗ੍ਰੈਜੂਏਸ਼ਨ ਦੀ ਡਿਗਰੀ ਜਾਂ ਉਸ ਤੋਂ ਉੱਚੀ ਸਿੱਖਿਆ ਦੀ ਡਿਗਰੀ ਹੈ। ਇਸ ਦੇ ਮੁਕਾਬਲੇ ਅਮਰੀਕਾ ਦੇ ਕੁੱਲ ਬਾਲਗਾਂ 'ਚ ਇਹ ਅੰਕੜਾ 35 ਫ਼ੀਸਦੀ ਹੈ।

Canada ਵਲੋਂ 296 ਗੈਂਗਸਟਰਾਂ ਦੀ Deportation ਪ੍ਰਕਿਰਿਆ ਸ਼ੁਰੂ

ਔਟਵਾ: ਕੈਨੇਡਾ ਸਰਕਾਰ ਨੇ ਗੈਂਗਸਟਰਾਂ ਵਿਰੁਧ ਇੱਕ ਵੱਡੀ ਕਾਰਵਾਈ ਦੀ ਤਿਆਰੀ ਕੀਤੀ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ 296 ਗੈਂਗਸਟਰਾਂ ਦੀ ਸੂਚੀ ਤਿਆਰ ਕੀਤੀ ਹੈ ਜਿਸ 'ਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਦੋਸ਼ੀ ਗੋਲਡੀ ਬਰਾੜ ਦਾ ਨਾਮ ਵੀ ਸ਼ਾਮਿਲ ਹੈ। ਹੁਣ ਤਕ 32 ਲੋਕਾਂ ਵਿਰੁਧ Deportation ਆਰਡਰਜ਼ ਜਾਰੀ ਹੋ ਚੁਕੇ ਹਨ।

ਕੈਨੇਡਾ ਦੇ ਮੀਡੀਆ ਰੀਪੋਰਟਾਂ ਮੁਤਾਬਿਕ ਜੇ ਇਹ ਕਾਰਵਾਈ ਸਖ਼ਤੀ ਨਾਲ ਕੀਤੀ ਗਈ ਤਾਂ ਗੋਲਡੀ ਬਰਾੜ ਅਤੇ ਅਰਸ਼ਦੀਪ ਡੱਲਾ ਵਰਗੇ ਲੋੜੀਂਦੇ ਗੈਂਗਸਟਰਾਂ ਨੂੰ ਭਾਰਤ ਭੇਜਿਆ ਜਾ ਸਕਦਾ ਹੈ ਜਿੱਥੇ ਪੰਜਾਬ ਪੁਲੀਸ ਉਨ੍ਹਾਂ ਨੂੰ ਲੰਬਿਤ ਮਾਮਲਿਆਂ 'ਚ ਗ੍ਰਿਫ਼ਤਾਰ ਕਰ ਸਕਦੀ ਹੈ। ਸਰੀ ਪੁਲੀਸ ਨੇ ਪੰਜਾਬੀ ਭਾਸ਼ਾ 'ਚ ਐਡਵਾਇਜ਼ਰੀ ਜਾਰੀ ਕਰ ਕੇ ਵਪਾਰੀਆਂ ਨੂੰ ਚਿਤਾਵਨੀ ਦਿਤੀ ਹੈ ਕਿ ਗੈਂਗਸਟਰ ਫ਼ੋਨ ਕਰ ਕੇ ਪੈਸੇ ਦੀ ਮੰਗ ਕਰਦੇ ਹਨ ਅਤੇ ਨਾ ਦੇਣ 'ਤੇ ਘਰਾਂ 'ਤੇ ਗੋਲੀਬਾਰੀ ਕਰਦੇ ਹਨ।

ਸਰੀ ਪੁਲੀਸ ਦੇ ਇੱਕ ਅਧਿਕਾਰੀ ਨੇ ਕਿਹਾ, "ਸਾਡੇ ਵਪਾਰੀ ਸੱਭ ਤੋਂ ਵੱਧ ਨਿਸ਼ਾਨੇ 'ਤੇ ਹਨ, ਇਸ ਲਈ ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।" ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਨੇ ਕਿਹਾ, "ਇਹ ਸਿਰਫ਼ ਕਾਨੂੰਨ-ਵਿਵਸਥਾ ਦਾ ਮਾਮਲਾ ਨਹੀਂ ਸਗੋਂ ਲੋਕਾਂ ਦੀ ਸੁਰੱਖਿਆ ਨਾਲ ਜੁੜਿਆ ਹੈ। ਫ਼ੈਡਰਲ ਸਰਕਾਰ ਨੂੰ ਹੋਰ ਸਹਿਯੋਗ ਦੇਣਾ ਚਾਹੀਦਾ ਹੈ।"

ਇਸ ਕਾਰਵਾਈ ਲਈ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਦੀ ਅਗਵਾਈ ਹੇਠ ਇੱਕ ਖ਼ਾਸ ਟਾਸਕ ਫ਼ੋਰਸ ਬਣਾਈ ਗਈ ਹੈ। ਨਾਲ ਹੀ 2.5 ਲੱਖ ਕੈਨੇਡੀਅਨ ਡਾਲਰਾਂ ਦਾ ਇਨਾਮੀ ਫ਼ੰਡ ਐਲਾਨ ਕੀਤਾ ਗਿਆ ਹੈ ਜਿਸ 'ਚ ਮਹੱਤਵਪੂਰਣ ਜਾਣਕਾਰੀ ਦੇਣ ਵਾਲਿਆਂ ਨੂੰ ਇੱਕ ਲੱਖ ਡਾਲਰਾਂ ਤਕ ਦਾ ਇਨਾਮ ਮਿਲ ਸਕਦਾ ਹੈ। ਕੈਨੇਡਾ ਸਰਕਾਰ ਦਾ ਮਕਸਦ ਹੈ ਕਿ ਕੌਮਾਂਤਰੀ ਗੈਂਗਸਟਰ ਨੈੱਟਵਰਕਾਂ ਨਾਲ ਜੁੜੇ ਹਿੰਸਾ ਅਤੇ ਧਮਕੀ ਦੇ ਮਾਮਲਿਆਂ 'ਤੇ ਪੂਰੀ ਤਰ੍ਹਾਂ ਨਿਯੰਤਰਣ ਕੀਤਾ ਜਾਵੇ।

ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਵਕੀਲ ਦੀ ਲੋੜ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਸਸਤੀਆਂ ਹਵਾਈ ਟਿਕਟਾਂ 905-595-1700
ਬੈੱਡ ਬਗ਼ਜ਼ (ਖਟਮਲ) ਖ਼ਤਮ 647-688-3944
12 Beds, 7 Baths For 24 Guests 905-965-4644
Vistor Visa 'ਤੇ ਹੋ Work Permit ਖ਼ਤਮ PR ਲਓ 416-848-3930
ਮਰਦਾਨਾ ਕਮਜ਼ੋਰੀ 416-992-5489
Home Care Workers ਅਤੇ Nanies ਲਈ PR 416-848-3930
ਕਰਜੇ ਤੋਂ ਪਰੇਸ਼ਾਨ? ਮਦਦ ਕਰ ਸਕਦੇ ਹਾਂ 905-783-1922

DENTISTRY
PROFESSIONAL CORPORATION
* Scaling, Polishing * Fillings
* Bleaching * Extractions
* Crown, Bridges * Root Canals
* Dentures * Gum Treatment
DENTISTRY
BRACES TREATMENT FOR KIDS & ADULTS
For Free Dental Care & Dentures
Under Insurance Coverage Accepted
Direct Billing to Insurance Company
Punjabi Speaking Dentist Available
Ph. 647-625-7205
Dr. Sandhu Charolais/Mavis Dental Centre
(In Shoppers Drug Mart Plaza)
510 Charolais Blvd.
Unit 4, Brampton, ON L6Y 0R5
Phone: 905 455 8585
Gore Ebenezer Dental Centre
4550 Ebenezer Road
Unit No. 2 & 3 Brampton, On L6P 2R2
Phone: 905-794-5667
ਆਪਣੇ ਦੰਦਾਂ ਦੀ ਸੰਭਾਲ ਅਤੇ ਹਰ ਤਰ੍ਹਾਂ ਦੇ ਇਲਾਜ ਲਈ ਤੁਹਾਡਾ ਆਪਣਾ ਫੈਮਿਲੀ ਡੈਂਟਲ ਸੈਂਟਰ
Monday to Friday: 11 am to 7 pm, Saturday: 10 am to 3 pm
(with appointment only)

GLOBAL VILLAGE IMMIGRATION SOLUTIONS LTD
HOME CARE WORKER IMMIGRATION PILOT
(Applied on 31 March 2025)
ATTENTION: ਜਿਨ੍ਹਾਂ ਬਿਨੇਕਾਰਾਂ ਨੇ 31 ਮਾਰਚ 2025 ਨੂੰ Nanny Caregiver ਪ੍ਰੋਗਰਾਮ ਦੇ HOME CARE WORKER IMMIGRATION PILOT (HCWIP) ਲਈ Canada 'ਚ ਰਹਿੰਦੇ ਹੋਏ ਆਪਣੀ Permanent Residency ਵਾਸਤੇ ਅਰਜ਼ੀ ਦਿੱਤੀ ਹੈ, ਅਤੇ ਪ੍ਰੋਗਰਾਮ ਅਧੀਨ ਹਾਲੇ ਤਕ ਉਨ੍ਹਾਂ ਨੂੰ AOR (ਫ਼ਾਈਲ ਨੰਬਰ) ਪ੍ਰਾਪਤ ਨਹੀਂ ਹੋਇਆ ਜਾਂ Canada 'ਚ ਰਹਿੰਦੇ ਕਈ ਜਿਨ੍ਹਾਂ ਦਾ ਵਰਕ ਪਰਮਿਟ ਜਲਦੀ ਖ਼ਤਮ ਹੋਣ ਵਾਲਾ ਹੈ ਅਤੇ ਉਨ੍ਹਾਂ ਕੋਲ ਸਮਾਂ ਘੱਟ ਬਚਿਆ ਹੈ (ਚਾਰ ਮਹੀਨੇ ਜਾਂ ਉਸ ਤੋਂ ਘੱਟ), ਤਾਂ ਉਹ ਕਿਰਪਾ ਕਰ ਕੇ ਮੇਰੇ ਨਾਲ ਸੰਪਰਕ ਕਰਨ। ਮੈਂ ਤੁਹਾਨੂੰ AOR ਦੀ ਉਡੀਕ ਦੌਰਾਨ ਤੁਹਾਡਾ Status ਬਰਕਰਾਰ ਰੱਖਣ 'ਚ ਮਦਦ ਕਰ ਸਕਦਾ ਹਾਂ। ਚੇਤੇ ਰੱਖੋ ਕਿ HCWIP Program ਤਹਿਤ ਤੁਹਾਨੂੰ Status ਕਾਇਮ ਰੱਖਣਾ ਜ਼ਰੂਰੀ ਹੈ।
HSWP OR HCCPP (Applied between 2019-2024): ਜੋ ਲੋਕ Home Support Worker Pilot (HSWP) ਜਾਂ Home Childcare Provider Pilot (HCCPP) ਪ੍ਰੋਗਰਾਮ ਤਹਿਤ Canada ਪਹੁੰਚੇ ਅਤੇ ਕੈਨੇਡਾ 'ਚ ਛੇ ਮਹੀਨੇ ਦਾ ਤਜਰਬਾ ਪੂਰਾ ਕਰ ਚੁੱਕੇ ਹਨ, ਉਹ ਹੁਣ PR ਲਈ ਅਰਜ਼ੀ ਦੇ ਸਕਦੇ ਹਨ।
ਜਿਨ੍ਹਾਂ ਨੇ ਅਰਜ਼ੀ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ Approval in Principle (AIP) ਦਾ ਲੈਟਰ ਮਿਲ ਗਿਆ ਹੈ, ਉਹ Bridging Open Work Permit (BOWP) ਲਈ ਵੀ ਐਪਲਾਈ ਕਰ ਸਕਦੇ ਹਨ। ਪਰ ਜੇ ਅਜੇ ਤਕ Approval in Principal letter ਵੀ ਨਹੀਂ ਮਿਲਿਆ ਅਤੇ Work Permit ਦਾ ਸਮਾਂ, ਜੋ ਤੁਹਾਡੇ Canada ਪਹੁੰਚਣ ਤੋਂ ਬਾਅਦ 36 ਮਹੀਨਿਆਂ ਵਾਸਤੇ ਮਿਲਿਆ ਸੀ, ਹੁਣ Expire ਹੋਣ ਦੇ ਨੇੜੇ ਹੈ ਤਾਂ ਉਹ ਵੀ ਆਪਣਾ Status ਬਰਕਰਾਰ ਰੱਖਣ ਵਾਸਤੇ ਮੈਨੂੰ Contact ਕਰਨ।
ਇਸ ਤੋਂ ਇਲਾਵਾ ਜਿਨ੍ਹਾਂ ਨੇ 2019-2024 'ਚ ਆਪਣੀ ਫ਼ਾਈਲ India ਤੋਂ ਜਾਂ ਕਿਸੇ ਹੋਰ ਦੇਸ਼ ਤੋਂ ਲਗਾਈ ਹੈ ਅਤੇ ਆਪਣੀ ਫ਼ਾਈਲ 'ਤੇ Update ਚਾਹੁੰਦੇ ਹਨ ਕਿਉਂਕਿ ਕਈਆਂ ਦਾ ਮੈਡੀਕਲ ਵੀ Expire ਹੋਣ ਵਾਲ ਹੈ, ਉਹ ਵੀ ਮੈਨੂੰ Contact ਕਰ ਸਕਦੇ ਹਨ। ਕੁੱਝ ਫ਼ਾਈਲਾਂ 'ਚ ਇਹ ਵੀ ਦੇਖਣ ਨੂੰ ਆਇਆ ਹੈ ਕਿ Immigration ਵਾਲਿਆਂ ਤੋਂ ਗ਼ਲਤੀ ਹੋਈ ਹੈ।
So what are you waiting for? Make your first step towards and book your paid appointment with Regulated Canadian Immigration Consultant Harmanjot Sodhi, Nanny Specialist for over 24 years.
4515 Ebenezer Rd., Unit 215, Brampton
416-848-3930
Harmanjot Sodhi
B.E. (Electronics and Telecommunications)
Regulated Canadian Immigration Consultant,
Member, College of Immigration and Citizenship Consultants,
Member, Canadian Association of Professional Immigration Consultants,
www.globalvillageimmigration.com
info@gvisl.com
handle global_village_immigration_
India Office: SCF 28, Sector 56, (Phase 6) Mohali, Punjab, +91-90410-58844
CAPIC RCIC Regulated Canadian Immigration Consultant

LAW OFFICE AMAN SHARMA
REAL ESTATE
(Residential/Commercial)
* BUSINESS PURCHASE AND SALE
* COMMERCIAL LEASE
* 2ND MORTGAGE, RE FINANCE
* FRANCHISE BUSINESS PURCHASE & SALE.
* IMMIGRATION SERVICES
* NOTARIZATION, AFFIDAVITS, WILLS & POWER OF ATTORNEY
AMAN SHARMA
Barrister, Solicitor & Notary Public
Tel: 905-913-2355 Fax: 905-913-2344
Email: info@lawofficeamansharma.ca
25 Cherrycrest Drive, Unit # 6,
Brampton, Ontario, L6P 3W4